# ਦਫਤਰ ਨਗਰ ਨਗਰ ਨਿਗਮ , ਸਾਹਿਬਜਾਦਾ ਅਜੀਤ ਸਿੰਘ ਨਗਰ

---

ਨਗਰ ਨਿਗਮ, ਸਾਹਿਬਜਾਦਾ ਅਜੀਤ ਸਿੰਘ ਨਗਰ ਦੇ ਫਾਇਰ ਬ੍ਰਿਗੇਡ ਸ਼ਾਖਾ ਵਿੱਚ ਪਏ ਸਮਾਨ ਦੀ ਖੁੱਲੀ ਬੋਲੀ ਜਿੱਥੇ ਹੈ, ਜਿਵੇਂ ਹੈ, ਦੇ ਅਧਾਰ ਤੇ ਮਿਤੀ 18-6-2014 ਨੂੰ ਸਵੇਰੇ 11 ਵਜੇ ਇੰਡ:ਏਰੀਆ ਫੇਜ-1 ਵਿਖੇ ਨਗਰ ਨਿਗਮ ਦੇ ਫਾਇਰ ਸਟੇਸ਼ਨ ਦੇ ਸਟੋਰ ਵਿੱਚ ਰੱਖੀ ਗਈ। ਇਸ ਬੋਲੀ ਦੀਆਂ ਸ਼ਰਤਾਂ ਹੇਠ ਲਿਖੇ ਅਨੁਸਾਰ ਹਨ:

1) ਕੰਡਮ ਸਮਾਨ ਦੀ ਬੋਲੀ ਦੇਣ ਲਈ ਬੋਲੀਦਾਤਾ ਨੂੰ ਬੋਲੀ ਦੇਣ ਤੋਂ ਪਹਿਲਾਂ 1 ਲੱਖ ਰੁਪਏ ਬਿਆਨਾਂ ਰਕਮ ਬੈਂਕ ਡਰਾਫਟ ਜਾਂ ਕੈਸ ਕਮਿਸ਼ਨਰ , ਨਗਰ ਨਿਗਮ ਸਾਹਿਬਜਾਦਾ ਅਜੀਤ ਸਿੰਘ ਨਗਰ ਦੇ ਹੱਕ ਵਿਚ ਜਮ੍ਹਾਂ ਕਰਵਾਉਣੀ ਹੋਵੇਗੀ।

2) ਲੋਹੇ /ਪੀ.ਵੀ.ਸੀ. ਅਤੇ ਪਲਾਸਟਿਕ ਦੀ ਬੋਲੀ ਪ੍ਰਤੀ ਕਿਲੋ ਦੇ ਹਿਸਾਬ ਨਾਲ ਕੀਤੀ ਜਾਵੇਗੀ। ਸਫਲ ਬੋਲੀਦਾਤਾ ਤੋਲੇ ਹੋਏ ਸਮਾਨ ਦੀ ਬਣਦੀ ਰਕਮ ਜਮ੍ਹਾ ਕਰਵਾਉਣ ਉਪਰੰਤ ਹੀ ਸਮਾਨ ਸਟੋਰ ਤੋਂ ਬਾਹਰ ਲੈ ਕੇ ਜਾਵੇਗਾ।

3) ਸਮਾਨ ਘੱਟ ਵੱਧ ਹੋ ਸਕਦਾ ਹੈ।

4) ਸਫਲ ਬੋਲੀ ਦਾਤਾ ਦੀ ਬਿਆਨਾਂ ਰਕਮ ਸਮਾਨ ਦੇ ਮੁੱਲ ਵਿੱਚ ਅਡਜੱਸਟ ਕਰ ਦਿੱਤੀ ਜਾਵੇਗੀ।

5) ਸਫਲ ਬੋਲੀ ਦਾਤਾ ਕੰਡਮ ਸਮਾਨ 7 ਦਿਨਾਂ ਦੇ ਅੰਦਰ ਅੰਦਰ ਅਦਾਇਗੀ ਕਰਨ ਉਪਰੰਤ ਸਟੋਰ ਵਿੱਚੋਂ ਚੁੱਕ ਸਕਣਗੇ।

6) ਨਗਰ ਨਿਗਮ ਨੂੰ ਅਧਿਕਾਰ ਹੋਵੇਗਾ, ਕਿ ਕੋਈ ਵੀ ਆਈਟਮ ਲਿਸਟ ਵਿਚ ਵਧਾਈ ਜਾਂ ਘਟਾਈ ਜਾ ਸਕਦੀ ਹੈ।

7) ਕੀਤੀ ਗਈ ਬੋਲੀ ਜਾਂ ਕਿਸੇ ਵੀ ਆਈਟਮ ਦੀ ਬੋਲੀ ਸਵੀਕਾਰ ਜਾਂ ਅਸਵੀਕਾਰ ਕਰਨ ਦਾ ਅਧਿਕਾਰ ਕਮਿਸ਼ਨਰ, ਨਿਗਰਾਨ ਇੰਜੀਨੀਅਰ ਨਗਰ ਨਿਗਮ, ਸਾਹਿਬਜਾਦਾ ਅਜੀਤ ਸਿੰਘ ਨਗਰ ਜੀ ਪਾਸ ਹੋਵੇਗਾ।

8 ) ਜੇਕਰ ਸਫਲ ਬੋਲੀਦਾਤਾ ਉਪਰੋਕਤ ਸ਼ਰਤਾਂ ਵਿਚੋਂ ਕਿਸੇ ਵੀ ਸ਼ਰਤ ਦੀ ਉਲੰਘਣਾਂ ਕਰਦਾ ਹੈ ਤਾਂ ਉਸ ਦੇ ਨਾਮ ਸਵੀਕਾਰਤ ਬੋਲੀ ਰੱਦ ਕਰਕੇ ਬਿਆਨਾ ਰਕਮ ਜਬਤ ਕਰ ਲਈ ਜਾਵੇਗੀ।

ਸਹੀ/-

ਨਿਗਰਾਨ ਇੰਜੀਨੀਅਰ,
ਨਗਰ ਨਿਗਮ,
ਸਾਹਿਬਜਾਦਾ ਅਜੀਤ ਸਿਘ ਨਗਰ।

# ਦਫਤਰ ਨਗਰ ਨਿਗਮ ਸਾਹਿਬਜਾਦਾ ਅਜੀਤ ਸਿੰਘ ਨਗਰ

ਦਫਤਰ ਨਗਰ ਨਿਗਮ ਸਾਹਿਬਜਾਦਾ ਅਜੀਤ ਸਿੰਘ ਨਗਰ ਸੈਕਟਰ-68 ਮਿਉਂਸਪਲ ਭਵਨ ਵਿਖੇ ਪਈ ਅਖਬਾਰਾਂ ਦੀ ਰੱਦੀ ਦੀ ਬੋਲੀ ਮਿਤੀ 18-6-14 ਨੂੰ ਸਵੇਰੇ 11 ਵਜੇ ਇੰਡ:ਏਰੀਆਂ ਫੇਸ-1 ਨਗਰ ਨਿਗਮ ਦੇ ਫਾਇਰ ਸਟੇਸ਼ਨ ਦੇ ਸਟੋਰ ਵਿੱਚ ਰੱਖੀ ਗਈ ਹੈ, ਬੋਲੀ ਦੀਆਂ ਸ਼ਰਤਾਂ ਹੇਠ ਲਿਖੇ ਅਨੁਸਾਰ ਹਨ:

1) ਹਰ ਬੋਲੀਦਾਤਾ ਨੂੰ ਬੋਲੀ ਦੇਣ ਤੋਂ ਪਹਿਲਾਂ 6000/ ਰੁਪਏ ਬਤੌਰ ਸਕਿਓਰਟੀ ਜਮ੍ਹਾਕਰਵਾਉਣੀ ਪਾਵੇਗੀ।
2) ਸਫਲ ਬੋਲੀਦਾਤਾ ਨੂੰ ਸਾਰੀ ਰੱਦੀ ਜਿਵੇਂ ਹੈ, ਜਿੱਥੇ ਹੈ, ਚੁੱਕਣੀ ਪਵੇਗੀ।
3) ਰੱਦੀ ਦਾ ਰੇਟ 7/-ਰੁਪਏ ਪ੍ਰਤੀ ਕਿਲੋ ਹੋਵੇਗਾ।
4) ਸਫਲ ਬੋਲੀਦਾਤਾ ਨੂੰ ਇਕ ਹਫਤੇ ਦੇ ਅੰਦਰ ਅੰਦਰ ਸਾਰੀ ਰੱਦੀ ਚੁੱਕਣੀ ਪਵੇਗੀ।
5) ਰੱਦੀ ਦੀ ਜੋ ਰਕਮ ਬਣਗੀ, ਉਹ ਮੌਕੇ ਤੇ ਹੀ ਨਗਦ ਜਮ੍ਹਾਂ ਕਰਵਾਉਣੀ ਪਵੇਗੀ।
6) ਮਿੱਥੇ ਸਮੇਂ ਅੰਦਰ ਰੱਦੀ ਨਾ ਚੁੱਕਣ ਦੀ ਸੂਰਤ ਵਿੱਚ ਜਮ੍ਹਾਂ ਸਿਕਿਓਰਟੀ ਰਕਮ 6000/ ਰੁਪਏ ਜਬਤ ਕਰ ਲਈ ਜਾਵੇਗੀ।
7) ਬੋਲੀ ਰੱਦ ਕਰਨ ਦੇ ਅਧਿਕਾਰ ਕਮਿਸ਼ਨਰ, ਵਧੀਕ ਕਮਿਸ਼ਨਰ,(ਤਕਨੀਕੀ)ਮਿਉਂਸਪਲ ਕਾਰਪੋਰੇਸ਼ਨ, ਐਸ.ਏ.ਐਸ. ਨਗਰ ਜੀ ਪਾਸ ਰਾਖਵੇਂ ਹੋਣਗੇ।
8) ਕਿਸੇ ਵੀ ਝਗੜੇ ਲਈ ਡਾਇਰੈਕਟਰ, ਸਥਾਨਕ ਸਰਕਾਰ, ਪੰਜਾਬ ਚੰਡੀਗੜ੍ਹ ਜੀ ਦਾ ਫੈਸਲਾ ਦੋਹਾ ਧਿਰਾਂ ਲਈ ਆਖਰੀ ਫੈਸਲਾ ਹੋਵੇਗਾ।

ਸਹੀ/-

ਨਿਗਰਾਨ ਇੰਜੀਨੀਅਰ
ਨਗਰ ਨਿਗਮ,
ਸਾਹਿਬਜਾਦਾ ਅਜੀਤ ਸਿੰਘ ਨਗਰ।